



ਹੱਕ ਸੱਚ ਦੀ ਆਵਾਜ਼

# ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ

ਮੁੱਖ ਸੰਪਾਦਕ ਸਰਬਜੋਤ ਸਿੰਘ ਖਾਲਸਾ | www.fatehtimesmedia.com | Email- fatehtimes1699@gmail.com


ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।



ਮੁੱਖ ਸੰਪਾਦਕ
ਸਰਬਜੋਤ ਸਿੰਘ ਖਾਲਸਾ


ਰਜਿ ਨੰ : ਪੀ ਬੀ 22000167 | ਫਤਿਹਾਬਾਦ , ਵੀਰਵਾਰ 3 ਅਪ੍ਰੈਲ 2025, ਨਾਨਕਸ਼ਾਹੀ 21 ਚੇਤ , ਸੰਮਤ 557 | ਸਾਲ: 4, ਅੰਕ 57, ਪੰਨੇ: 4, ਮੁੱਲ: 4 ਰੁਪਏ


## ਇਜ਼ਰਾਈਲ ਨੇ ਅਮਰੀਕੀ ਦਰਾਮਦਾਂ 'ਤੇ ਸਾਰੇ ਟੈਰਿਫ ਕੀਤੇ ਰੱਦ, ਪੀਐਮ ਨੇ ਦਿੱਤੀ ਜਾਣਕਾਰੀ



ਫਤਿਹ ਟਾਈਮਜ਼

ਤੇਲ ਅਵੀਵ, 2 ਅਪ੍ਰੈਲ : ਇਜ਼ਰਾਈਲ ਸਰਕਾਰ ਨੇ ਅਮਰੀਕਾ ਤੋਂ ਆਯਾਤ ਹੋਣ ਵਾਲੇ ਸਾਮਾਨ 'ਤੇ ਸਾਰੀਆਂ ਕਸਟਮ ਡਿਊਟੀਆਂ ਖਤਮ ਕਰ ਦਿੱਤੀਆਂ ਹਨ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਦਫ਼ਤਰ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ।ਪ੍ਰਧਾਨ ਮੰਤਰੀ ਦਫਤਰ ਨੇ ਇਕ ਬਿਆਨ ਵਿਚ ਕਿਹਾ ਕਿ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ, ਵਿੱਤ ਮੰਤਰੀ ਬੇਜ਼ਲੇਲ ਸਮੋਟਰਿਚ ਅਤੇ ਅਰਥਵਿਵਸਥਾ ਅਤੇ ਉਦਯੋਗ ਮੰਤਰੀ ਨੀਰ ਬਰਕਤ ਦੇ ਨਿਰਦੇਸ਼ਾਂ 'ਤੇ, ਇਜ਼ਰਾਈਲ ਨੇ ਇਜ਼ਰਾਈਲ ਦੇ ਸਭ ਤੋਂ ਵੱਡੇ ਵਪਾਰਕ ਭਾਈਵਾਲ, ਸੰਯੁਕਤ ਰਾਜ ਅਮਰੀਕਾ ਤੋਂ ਆਉਣ ਵਾਲੇ ਉਤਪਾਦਾਂ 'ਤੇ ਹੁਣ ਤੱਕ ਲਗਾਈਆਂ ਗਈਆਂ ਸਾਰੀਆਂ ਕਸਟਮ ਡਿਊਟੀਆਂ ਨੂੰ ਖਤਮ ਕਰ ਦਿੱਤਾ ਹੈ।ਬਿਆਨ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਅਤੇ ਇਜ਼ਰਾਈਲ ਵਿਚਕਾਰ 1985 ਦੇ ਮੁਕਤ ਵਪਾਰ ਸਮਝੌਤੇ (ਬਾਕੀ ਸਫਾ 2 ਤੇ)

## ਮਿਆਂਮਾਰ-ਥਾਈਲੈਂਡ ਤੋਂ ਬਾਅਦ ਹੁਣ ਜਾਪਾਨ 'ਚ ਭੂਚਾਲ ਨਾਲ ਕੰਬੀ ਧਰਤੀ




ਫਤਿਹ ਟਾਈਮਜ਼

ਨਵੀਂ ਦਿੱਲੀ , 2 ਅਪ੍ਰੈਲ : ਮਿਆਂਮਾਰ ਅਤੇ ਥਾਈਲੈਂਡ ਤੋਂ ਬਾਅਦ, ਹੁਣ ਜਾਪਾਨ ਵਿੱਚ ਭੂਚਾਲ ਆਇਆ ਹੈ। ਜਾਪਾਨ ਦੇ ਕਿਊਸ਼ੂ ਖੇਤਰ ਵਿੱਚ ਤੇਜ਼ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਜਿਵੇਂ ਹੀ ਧਰਤੀ ਹਿੱਲੀ, ਲੋਕ ਆਪਣੇ ਘਰਾਂ ਤੋਂ ਬਾਹਰ ਆ ਗਏ ਅਤੇ ਖੁੱਲ੍ਹੇ ਅਸਮਾਨ ਹੇਠ ਆ ਗਏ। ਨੈਸ਼ਨਲ ਸੈਂਟਰ ਫਾਰ ਸੀਸਮੋਲੋਜੀ ਦੇ ਅਨੁਸਾਰ, ਭੂਚਾਲ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ 6.0 ਮਾਪੀ ਗਈ।ਮੰਗਲਵਾਰ ਰਾਤ ਨੂੰ ਜਾਪਾਨ ਦੇ ਕਿਊਸ਼ੂ ਟਾਪੂ 'ਤੇ ਵੀ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਇਸ ਤੋਂ ਇੱਕ ਦਿਨ ਬਾਅਦ, 2 ਅਪ੍ਰੈਲ ਨੂੰ ਸ਼ਾਮ 7.34 ਵਜੇ, ਭੂਚਾਲ ਦੇ ਤੇਜ਼ ਝਟਕੇ ਮਹਿਸੂਸ ਕੀਤੇ ਗਏ ਸਨ। ਜ਼ਿਆਦਾਤਰ ਲੋਕ ਆਪਣੇ ਘਰਾਂ ਦੇ ਅੰਦਰ ਸਨ, ਅਚਾਨਕ ਉਨ੍ਹਾਂ ਦੇ ਘਰਾਂ ਦੀਆਂ ਚੀਜ਼ਾਂ ਅਤੇ ਇਮਾਰਤਾਂ ਹਿੱਲਣ ਲੱਗ ਪਈਆਂ। ਇਸ ਨਾਲ ਲੋਕ ਡਰ ਗਏ ਅਤੇ ਆਪਣੇ ਘਰਾਂ ਤੋਂ ਬਾਹਰ ਆ ਗਏ।ਭੂਚਾਲ ਕਾਰਨ ਹੁਣ ਤੱਕ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਭੂਚਾਲ ਦੀ ਤੀਬਰਤਾ 6.0 ਮਾਪੀ ਗਈ। ਹਾਲਾਂਕਿ, ਜਪਾਨ ਵਿੱਚ ਭੂਚਾਲ ਕੋਈ ਆਮ ਘਟਨਾ ਨਹੀਂ ਹੈ। ਉੱਥੋਂ ਦੀ ਸਰਕਾਰ ਨੇ ਅਜਿਹੇ ਪ੍ਰਬੰਧ ਕੀਤੇ ਹਨ ਕਿ ਭੂਚਾਲ ਤੋਂ ਬਾਅਦ ਵੀ ਕੋਈ ਨੁਕਸਾਨ ਨਾ ਹੋਵੇ।

## ਕਿਥੇ ਨੇ ਫੂਡ ਸੇਫਟੀ ਵਾਲੇ ?

### ਸਰਬਜੋਤ ਸਿੰਘ ਖਾਲਸਾ

ਫਤਿਹ ਟਾਈਮਜ਼

ਲੋਕਾਂ ਨੂੰ ਗੰਦਾ ਅਤੇ ਘਟੀਆ ਦਰਜੇ ਦਾ ਖਾਣਾ ਖਵਾਉਣ ਵਾਲੇ ਲੋਕ ਕਿਸ ਤਰਾਂ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ ਪਰ ਪੰਜਾਬ ਦੇ ਫੂਫ ਸੇਫਟੀ ਵਾਲੇ ਲਗਦਾ ਯੁੱਧ ਨਸ਼ਿਆਂ ਵਿਰੁੱਧ ਵਾਲੇ ਪ੍ਰੋਗਰਾਮ ਹੀ ਦੇਖੀ ਜਾ ਰਹੇ ਹਨ ਅਤੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਖਿਲਾਫ ਕੋਈ ਯੁੱਧ ਸ਼ੁਰੂ ਨਹੀ ਕਰਦੇ ਪਏ।ਬੀਤੇ ਦਿਨ ਕਸਬਾ ਫਤਿਹਾਬਾਦ ਵਿਖੇ ਘਟੀਆ ਤਰੀਕੇ ਨਾਲ ਖਾਣਾ ਪਰੋਸਣ ਵਾਲਿਆਂ ਦੀ ਵੀਡੀਓ ਵੱਡੀ ਪੱਧਰ ਤੇ ਸ਼ੋਸ਼ਲ ਮੀਡੀਆ ਤੇ ਫੈਲਣ ਦੇ ਬਾਅਦ ਵੀ ਫੂਡ ਸੇਫਟੀ ਵਾਲਿਆ ਦੇ ਕੰਨ ਤੇ ਜੂੰ ਤੱਕ ਨਹੀ ਸਰਕੀ।ਦੇਖਣਾ ਇਹ ਹੋਵੇਗਾ ਕੇ ਮੀਡੀਆ ਵਲੋਂ ਉਠਾਏ ਇਸ ਮਸਲੇ ਵਲੋਂ ਕਿੰਨੀ ਦੇਰ ਫੂਡ ਸੇਫਟੀ ਵਾਲੇ ਕਿਨਾਰਾ ਕਰਦੇ ਹਨ ਅਤੇ ਲੋਕਾਂ ਦੀ ਸਿਹਤ ਨਾਲ ਇਹਨਾ ਮਾੜੇ ਲੋਕਾ ਨੂੰ ਖੇਡਣ ਦਿੰਦੇ ਹਨ?

## ਸਿਹਤ ਵਿਭਾਗ ਅੰਮ੍ਰਿਤਸਰ ਨੂੰ ਕੀਤੀ ਐਬੂਲੈਂਸ ਭੇਂਟ


ਫਤਿਹ ਟਾਈਮਜ਼

ਅੰਮ੍ਰਿਤਸਰ 2 ਅਪ੍ਰੈਲ (ਪ ਪ) ਮਾਨਯੋਗ ਮੈਂਬਰ ਪਾਰਲੀਮੈਂਟ ਰਾਜ ਸਭਾ ਸ਼੍ਰੀ ਸੰਜੀਵ ਅਰੋੜਾ ਜੀ ਵੱਲੋਂ ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਇੱਕ ਐਂਬੂਲੈਂਸ ਭੇਂਟ ਕੀਤੀ ਗਈ।ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਸਿਵਿਲ ਸਰਜਨ ਡਾ ਕਿਰਨਦੀਪ ਕੌਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਸ਼੍ਰੀਮਤੀ ਸਾਕਸ਼ੀ ਸਾਹਨੀ ਜੀ ਦੀ ਦੇ ਸਹਿਯੋਗ ਨਾਲ ਇਹ ਐਬੂਲੈਂਸ ਮਾਨਯੋਗ ਮੈਂਬਰ ਪਾਰਲੀਮੈਂਟ ਰਾਜ ਸਭਾ ਸ਼੍ਰੀ ਸੰਜੀਵ ਅਰੋੜਾ ਜੀ ਵੱਲੋਂ ਸਿਵਲ ਹਸਪਤਾਲ ਅੰਮ੍ਰਿਤਸਰ ਲਈ ਭੇਂਟ ਕੀਤੀ ਗਈ ਹੈ। ਉਹਨਾਂ ਦੱਸਿਆ




ਕਿ ਲਗਭਗ ਦੋ ਮਹੀਨੇ ਪਹਿਲਾਂ ਮਾਨਯੋਗ ਮੈਂਬਰ ਪਾਰਲੀਮੈਂਟ ਸ਼੍ਰੀ ਸੰਜੀਵ ਅਰੋੜਾ ਵੱਲੋਂ ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਦੌਰਾ ਕੀਤਾ ਗਿਆ ਸੀ, ਉਸ ਦੌਰਾਨ ਉਹਨਾਂ ਨੇ ਇਹ ਵਾਅਦਾ ਕੀਤਾ ਸੀ ਕਿ ਉਹ ਸਿਵਲ ਹਸਪਤਾਲ ਅੰਮ੍ਰਿਤਸਰ ਨੂੰ ਐਮਬੂਲੈਂਸ ਅਤੇ ਹੋਰ ਜਰੂਰੀ ਚੀਜ਼ਾਂ ਮੁਹਈਆ ਕਰਵਾਉਣਗੇ, ਸੋ ਅੱਜ ਉਹਨਾਂ ਵੱਲੋਂ ਇੱਕ ਐਮਬੂਲੈਂਸ ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਲੋਕ ਸੇਵਾ ਲਈ ਅਰਪਣ ਕੀਤੀ ਗਈ ਹੈ। ਉਹਨਾਂ ਆਖਿਆ ਕਿ ਇਸ ਐਬੂਲੈਂਸ ਨਾਲ ਐਮਰਜੰਸੀ ਦੌਰਾਨ ਮਰੀਜ਼ਾਂ ਨੂੰ ਸ਼ਿਫਟ ਕਰਨ ਵਿੱਚ ਆਸਾਨੀ ਹੋਵੇਗੀ ਅਤੇ ਕੀਮਤੀ ਜਾਨਾਂ ਬਚਾਈਆਂ ਜਾ ਸਕਣਗੀਆਂ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ ਸਵਰਨਜੀਤ ਧਵਨ, ਡਾ ਰਸ਼ਮੀ ਵਿਜ, ਜਿਲਾ ਐਮਆਈਓ ਅਮਰਦੀਪ ਸਿੰਘ, ਜਿਲਾ ਅਕਾਊਂਟ ਅਫਸਰ ਮਲਵਿੰਦਰ ਸਿੰਘ, ਮੇਟਰਨ ਰਾਜ ਕੌਰ, ਕੈਸ਼ੀਅਰ ਨਵਦੀਪ ਸਿੰਘ, ਫੋਰਮੈਨ ਹਰਪਾਲ ਸਿੰਘ, ਰਸ਼ਪਾਲ ਸਿੰਘ ਅਤੇ ਸਮੂਹ ਸਟਾਫ ਹਾਜਰ ਸਨ।

## ਭੋਗ ਤੇ ਅੰਤਿਮ ਅਰਦਾਸ



### ਜਥੇਦਾਰ ਭਾਈ ਮਹਿਲ ਸਿੰਘ ਬੱਬਰ

4 ਅਪ੍ਰੈਲ(ਸ਼ੁੱਕਰਵਾਰ)2025

ਸਮਾਂ: ਸਵੇਰੇ 7.00 ਵਜੇ

ਸਥਾਨ: ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ
ਸ੍ਰੀ ਅਕਾਲ ਤਖ਼ਤ ਸਾਹਿਬ

ਭਾਈ ਮਹਿਲ ਸਿੰਘ ਬੱਬਰ, ਜਨਰਲ ਸਕੱਤਰ, ਬੱਬਰ ਖ਼ਾਲਸਾ ਇੰਟਰਨੈਸ਼ਨਲ, ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ ।ਆਪ ਜੀ ਨੇ 1978 ਤੋਂ ਹੁਣ ਤੱਕ ਪੰਥ ਦੀ ਆਨ ਸ਼ਾਨ ਤੇ ਕੌਮੀ ਘਰ ਦੀ ਪ੍ਰਾਪਤੀ ਲਈ ਸਿਰੜ ਅਤੇ ਸਿਦਕ ਨਾਲ ਸੇਵਾ ਨਿਭਾਈ । ਉਨ੍ਹਾਂ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਸਮੂਹ ਪੰਥ ਦਰਦੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ।

ਬੇਨਤੀ ਕਰਤਾ:
ਜਥੇਦਾਰ ਵਧਾਵਾ ਸਿੰਘ ਬੱਬਰ ਮੁੱਖੀ ,ਬੱਬਰ ਖ਼ਾਲਸਾ ਇੰਟਰਨੈਸ਼ਨਲ

ਜਾਰੀ ਕਰਤਾ:
ਜਥੇਦਾਰ ਬਖਸ਼ੀਸ਼ ਸਿੰਘ ਅਖੰਡ ਕੀਰਤਨੀ ਜਥਾ, ਭੁਪਿੰਦਰ ਸਿੰਘ ਭਲਵਾਨ ਜਰਮਨੀ, ਪ੍ਰੋ.ਬਲਜਿੰਦਰ ਸਿੰਘ, ਮਹਾਬੀਰ ਸਿੰਘ ਸੁਲਤਾਨਵਿੰਡ, ਡਾ.ਸੁਖਦੇਵ ਸਿੰਘ ਬਾਬਾ


LIC
ਭਾਰਤੀય ਜੀਵਨ ਬੀਮਾ ਨਿਗਮ
LIFE INSURANCE CORPORATION OF INDIA

ਬੀਮਾ ਸੇਵਾ ਕੇਂਦਰ

ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ,
ਲੜਕੀਆਂ ਲਈ ਕੰਨਿਆਦਾਨ ਪੌਲਸੀ,
ਬੁਢਾਪਾ ਪੈਨਸ਼ਨ ਸਕੀਮ,ਮਨੀ ਬੈਕ ਪੌਲਸੀ,
ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।

ਡੈੱਥ ਕਲੇਮ,ਮਚਿਓਰਟੀ ਜਾ ਫਿਰ ਹੋਰ
ਐਲ ਆਈ ਸੀ ਸੇਵਾ ਲਈ ਸੰਪਰਕ ਕਰੋ:
ਐਸ ਐਸ ਸੰਧਾ ਮੋ:9988537575

ਅਖਬਾਰਾਂ ਵਿਚ ਨਾਮ ਬਦਲੀ,ਬੇਦਖਲੀ ਨੋਟਿਸ,ਟਿਊਬਵੈਲ
ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।


## ਆਪ ਸਰਕਾਰ ਦੇ ਕਾਰਜਕਾਲ ਦੌਰਾਨ ਸੂਬੇ ਅੰਦਰ 96,836 ਕਰੋੜ ਰੁਪਏ ਦਾ ਨਿਵੇਸ਼ ਹੋਇਆ - ਵਿਧਾਇਕ ਉੱਗੋਕੇ

### ਹਲਕਾ ਵਿਧਾਇਕ ਨੇ ਤਿੰਨ ਸਾਲਾਂ ਦੇ ਸਮੇਂ ਦੌਰਾਨ ਸਰਕਾਰ ਦੀਆਂ ਪ੍ਰਾਪਤੀਆਂ ਤੇ ਪਾਇਆ ਚਾਨਣਾ

ਫਤਿਹ ਟਾਈਮਜ਼

ਤਪਾ ਮੰਡੀ, 2 ਅਪ੍ਰੈਲ (ਧੀਮਾਨ) ਆਮ ਆਦਮੀ ਪਾਰਟੀ ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉਗੋਕੇ ਨੇ ਅੱਜ ਬਦਲਦੇ ਪੰਜਾਬ ਦੀ ਗੱਲ ਕਰਦਿਆਂ ਸਰਕਾਰ ਦੇ ਸੂਬੇ ਅੰਦਰ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਕੀਤੇ ਕੰਮਾਂ ਤੇ ਪ੍ਰਾਪਤੀਆਂ ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਸੂਬੇ ਅੰਦਰ 96,836 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ ਜਿਸ ਦੇ ਚਲਦਿਆਂ ਅੱਜ ਸੂਬੇ ਅੰਦਰ ਟਾਟਾ ਸਟੀਲ ਅਤੇ ਸਨਾਥਨ ਗਰੁੱਪ ਨਿਵੇਸ਼ ਕਰਨ ਆ ਰਹੇ ਹਨ। ਉਹਨਾਂ ਕਿਹਾ ਕਿ ਰਿਲਵਾਇਤੀ ਪਾਰਟੀਆਂ ਨੇ ਆਪਣੇ ਸਮੇਂ 'ਚ , ਇੰਨ੍ਹਾਂ



ਪ੍ਰਾਈਵੇਟ ਕੰਪਨੀਆਂ ਤੋਂ ਵੱਡੀਆਂ ਹਿੱਸੇਦਾਰੀਆਂ ਮੰਗੀਆਂ, ਜਿੰਨਾ ਕਰਕੇ ਇਹਨਾਂ ਕੰਪਨੀਆਂ ਵੱਲੋਂ ਪੰਜਾਬ ਤੋਂ ਬਾਹਰ ਉਦਯੋਗਿਕ ਕਾਰਖਾਨੇ ਲਗਾਏ ਗਏ। ਜਦਕਿ ਸੂਬਾ ਸਰਕਾਰ ਵੱਲੋਂ ਕੀਤੇ ਨਿਵੇਸ਼ ਦੌਰਾਨ ਇਹ ਕੰਪਨੀਆਂ ਦਿਨ ਪ੍ਰਤੀ ਦਿਨ ਵੱਧਦੀਆਂ ਹੀ ਜਾ ਰਹੀਆਂ ਹਨ। ਉਹਨਾਂ ਦੱਸਿਆ ਕਿ ਇਹਨਾਂ ਰਵਾਇਤੀ ਪਾਰਟੀਆਂ ਵਲੋਂ ਆਪਣੇ ਸਮੇਂ 'ਚ ਸਿਰਫ਼ 53 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਸੀ ਜਦ ਕਿ ਸੂਬਾ ਸਰਕਾਰ ਨੇ ਇਹਨਾਂ ਕੰਪਨੀਆਂ ਨੇ ਨਿਵੇਸ਼ ਨੂੰ ਲੈ ਕੇ 250 ਕਰੋੜ ਰੁਪਏ ਦਾ ਬਜਟ ਰੱਖਿਆ ਹੈ। ਇਸ ਤੋਂ ਇਲਾਵਾ ਉਹਨਾਂ ਐਮ.ਓ.ਯੂ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿਛਲੀਆਂ ਸਰਕਾਰਾਂ ਸਮੇਂ ਇਹ ਐਮ.ਓ.ਯੂ ਸਿਰਫ ਕੁਝ ਕੁ ਪ੍ਰਾਈਵੇਟ ਨਿਵੇਸ਼ਕਾਂ ਨਾਲ ਹੀ ਸਾਈਨ ਹੁੰਦੇ ਸਨ। ਜਦ,ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਇਹ ਐਮ.ਓ.ਯੂ ਡਾਇਰੈਕਟ ਪੰਜਾਬ ਦੇ ਨਾਲ ਸਾਈਨ ਹੁੰਦੇ ਹਨ, ਜਿਸ ਕਰਕੇ ਪੰਜਾਬ ਹੁਣ ਜਿਆਦਾ ਪ੍ਰਫੁੱਲਤ ਹੋਵੇਗਾ ਤੇ ਤਰੱਕੀ ਦੀਆਂ ਲੀਹਾਂ ਤੇ ਪਹੁੰਚੇਗਾ।




# ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਸੂਬਾ ਪ੍ਰਤੀਨਿਧ ਕੌਂਸਲ ਦਾ ਜਥੇਬੰਦਕ ਇਜਲਾਸ 8 ਅਪ੍ਰੈਲ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ

ਫਤਿਹ ਟਾਈਮਜ਼



ਬਠਿੰਡਾ, 2 ਅਪ੍ਰੈਲ (ਗੋਲਡੀ ਮੱਕੜ) ਅਧਿਆਪਕ, ਵਿਦਿਆਰਥੀ ਹੱਕਾਂ ਲਈ ਅਤੇ ਜਨਤਕ ਸਿੱਖਿਆ ਨੂੰ ਬਚਾਉਣ ਲਈ ਹਮੇਸ਼ਾ ਸੰਘਰਸ਼ ਦੇ ਮੈਦਾਨ ਵਿੱਚ ਰਹਿਣ ਵਾਲੀ ਜੁਝਾਰੂ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਸੂਬਾ ਪ੍ਰਤੀਨਿਧ ਕੌਂਸਲ ਦਾ ਜਥੇਬੰਦਕ ਇਜਲਾਸ 8 ਅਪ੍ਰੈਲ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਕਰਵਾਇਆ ਜਾ ਰਿਹਾ ਹੈ। ਡੀ ਟੀ ਐਫ ਬਠਿੰਡਾ ਦੇ ਜਿਲ੍ਹਾ ਪ੍ਰਧਾਨ ਰੇਸ਼ਮ ਸਿੰਘ ਅਤੇ ਸਕੱਤਰ ਜਸਵਿੰਦਰ ਸਿੰਘ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਅਧਿਆਪਕ ਵਰਗ ਜਿੱਥੇ ਲੋਕ ਵਿਰੋਧੀ ਆਰਥਿਕ ਨੀਤੀਆਂ ਦੀ ਭਾਰੀ ਮਾਰ ਝੱਲ ਰਿਹਾ ਹੈ, ਉੱਥੇ ਕੇਂਦਰ ਅਤੇ ਪੰਜਾਬ ਦੀ ਸਰਕਾਰ ਵਿਸ਼ਵੀਕਰਨ-ਨਿਜੀਕਰਨ-ਉਦਾਰੀਕਰਨ ਦੀਆਂ ਨੀਤੀਆਂ ਦੀ ਲੀਹ 'ਤੇ ਚਲਦਿਆਂ ਸਿੱਖਿਆ ਵਿਰੋਧੀ ਮਾਰੂ ਸਿੱਖਿਆ ਨੀਤੀ 2020 ਨੂੰ ਧੜੱਲੇ ਨਾਲ ਲਾਗੂ ਕਰਕੇ ਸਿੱਖਿਆ ਦਾ ਕੇਂਦਰੀਕਰਣ, ਭਗਵਾਕਰਨ ਕਰਨ ਦੇ ਨਾਲ ਨਾਲ ਇਸਨੂੰ ਨਿੱਜੀ ਹੱਥਾਂ ਵਿੱਚ ਸੌਂਪ ਕੇ ਜਨਤਕ ਸਿੱਖਿਆ ਦਾ ਭੋਗ ਪਾਉਣ ਲਈ ਪੱਬਾਂ ਭਾਰ ਹੈ।ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ , ਮੀਤ ਪ੍ਰਧਾਨ ਵਿਕਾਸ ਗਰਗ,ਵਿੱਤ ਸਕੱਤਰ ਅਨਿਲ ਭੱਟ, ਪ੍ਰੈਸ ਸਕੱਤਰ ਗੁਰਪ੍ਰੀਤ ਸਿੰਘ ਖੇਮੂਆਣਾ ਅਤੇ ਜੱਥੇਬੰਦਕ ਸਕੱਤਰ ਕੁਲਵਿੰਦਰ ਸਿੰਘ ਵਿਰਕ ਨੇ ਕਿਹਾ ਕਿ ਸਿੱਖਿਆ ਨੂੰ ਮੌਜੂਦਾ ਚੁਣੌਤੀਆਂ ਦੇ ਸਨਮੁੱਖ ਇਸ ਸੂਬਾ ਇਜਲਾਸ ਵਿੱਚ ਸਿੱਖਿਆ ਵਿਰੋਧੀ ਨੀਤੀਆਂ 'ਤੇ ਵਿਚਾਰ ਚਰਚਾ, ਇਹਨਾਂ ਨੂੰ ਮੋੜਾ ਦੇਣ ਲਈ ਇੱਕ ਵੱਡੀ ਲੋਕ ਲਹਿਰ ਦੀ ਉਸਾਰੀ ਹਿਤ ਜਥੇਬੰਦੀ ਨੂੰ ਹੋਰ ਮਜਬੂਤ ਕਰਨ ਬਾਰੇ ਯੋਜਨਾਬੰਦੀ ਕੀਤੀ ਜਾਵੇਗੀ। ਕੁੱਝ ਸੰਵਿਧਾਨਕ ਸੋਧਾਂ ਕਰਨ ਦੇ ਨਾਲ ਨਾਲ ਸਰਕਾਰੀ ਤੌਰ 'ਤੇ ਸੇਵਾ ਮੁਕਤ ਹੋਏ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਥਾਂ ਨਵੇਂ ਸੂਬਾ ਜਨਰਲ ਸਕੱਤਰ ਦੀ ਵੀ ਚੋਣ ਕੀਤੀ ਜਾਵੇਗੀ। ਜਥੇਬੰਦਕ ਮਜਬੂਤੀ ਲਈ ਵਿਚਾਰ ਚਰਚਾਵਾਂ ਤੋਂ ਬਿਨਾਂ ਭਵਿੱਖੀ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਭਵਿੱਖ ਅੰਦਰ ਕੀਤੇ ਜਾਣ ਵਾਲੇ ਸੰਘਰਸ਼ ਦਾ ਵੀ ਐਲਾਨ ਕੀਤਾ ਜਾਵੇਗਾ। ਇਸ ਸਮੇਂ ਜਿਲਾ ਆਗੂ ਬਲਜਿੰਦਰ ਕੌਰ ,ਰਣਦੀਪ ਕੌਰ ਖਾਲਸਾ ਬਲਾਕ ਪ੍ਰਧਾਨ ਭੋਲਾ ਤਲਵੰਡੀ, ਭੁਪਿੰਦਰ ਮਾਈਸਰਖਾਨਾ ,ਰਾਜਵਿੰਦਰ ਸਿੰਘ ਜਲਾਲ, ਬਲਕਨ ਸਿੰਘ ਕੋਟਸ਼ਮੀਰ ਅਤੇ ਅਸ਼ਵਨੀ ਕੁਮਾਰ ਡੱਬਵਾਲੀ ਨੇ ਦੱਸਿਆ ਕਿ ਅੱਠ ਅਪ੍ਰੈਲ ਨੂੰ ਜ਼ਿਲਾ ਬਠਿੰਡਾ ਵੱਲੋਂ ਸਮੂਹ ਪ੍ਰਤੀਨਿਧ ਕੌਂਸਲ ਦੇ ਮੈਂਬਰ ਅਤੇ ਬਲਾਕਾਂ ਦੀਆਂ ਬਦਵੀਆਂ ਆਗੂ ਟੀਮਾਂ ਇਸ ਇਜਲਾਸ ਦਾ ਹਿੱਸਾ ਬਣਨਗੀਆਂ।

ਸਫਾ 1 ਦੀ ਬਾਕੀ

# ਇਜ਼ਰਾਈਲ ਨੇ ਅਮਰੀਕੀ ਦਰਾਮਦਾਂ 'ਤੇ ਸਾਰੇ ਟੈਰਿਫ ਕੀਤੇ ਰੱਦ,ਪੀਐਮ ਨੇ ਦਿੱਤੀ ਜਾਣਕਾਰੀ

ਫਤਿਹ ਟਾਈਮਜ਼

ਦੇ ਤਹਿਤ, ਅਮਰੀਕਾ ਤੋਂ ਆਯਾਤ ਕੀਤੀਆਂ ਜਾਣ ਵਾਲੀਆਂ 99 ਪ੍ਰਤੀਸ਼ਤ ਵਸਤੂਆਂ ਨੂੰ ਕਸਟਮ ਡਿਊਟੀ ਤੋਂ ਛੋਟ ਦਿੱਤੀ ਗਈ ਸੀ। ਸਰਕਾਰ ਦਾ ਮੌਜੂਦਾ ਫੈਸਲਾ ਬਹੁਤ ਹੀ ਸੀਮਤ ਗਿਣਤੀ ਦੇ ਉਤਪਾਦਾਂ ਨਾਲ ਸਬੰਧਤ ਹੋਵੇਗਾ, ਜਿਨ੍ਹਾਂ ਵਿੱਚ ਜ਼ਿਆਦਾਤਰ ਆਯਾਤ ਕੀਤੇ ਭੋਜਨ ਅਤੇ ਖੇਤੀਬਾੜੀ ਉਤਪਾਦ ਸ਼ਾਮਲ ਹਨ।ਦਫ਼ਤਰ ਨੇ ਕਿਹਾ ਕਿ ਕਸਟਮ ਡਿਊਟੀਆਂ ਵਿੱਚ ਕਮੀ ਅਸਲ ਵਿੱਚ ਅਮਰੀਕਾ-ਇਜ਼ਰਾਈਲ ਵਪਾਰ ਸਮਝੌਤੇ ਦਾ ਵਿਸਤਾਰ ਕਰੇਗੀ ਅਤੇ ਦੁਵੱਲੇ ਰਣਨੀਤਕ ਸਬੰਧਾਂ ਨੂੰ ਮਜ਼ਬੂਤ ਕਰੇਗੀ। ਇਹ ਕਟੌਤੀ ਇਜ਼ਰਾਈਲੀ ਖਪਤਕਾਰਾਂ ਨੂੰ ਵੀ ਭਰੋਸਾ ਪ੍ਰਦਾਨ ਕਰੇਗੀ ਜੋ ਜ਼ੀਰੋ ਕਸਟਮ ਦਰ ਤੋਂ ਲਾਭ ਪ੍ਰਾਪਤ ਕਰਦੇ ਹਨ, ਨਾਲ ਹੀ ਸੰਯੁਕਤ ਰਾਜ ਤੋਂ ਭੋਜਨ ਅਤੇ ਖੇਤੀਬਾੜੀ ਉਤਪਾਦਾਂ ਦੇ ਆਯਾਤ ਵਿੱਚ ਸੰਭਾਵੀ ਵਿਸਥਾਰ ਅਤੇ ਰਹਿਣ-ਸਹਿਣ ਦੀ ਲਾਗਤ ਵਿੱਚ ਸੰਭਾਵੀ ਕਮੀ ਦਰਸਾਏਗੀ।ਅਮਰੀਕਾ ਇਜ਼ਰਾਈਲ ਦਾ ਸਭ ਤੋਂ ਨੇੜਲਾ ਸਹਿਯੋਗੀ ਅਤੇ ਸਭ ਤੋਂ ਮਹੱਤਵਪੂਰਨ ਵਪਾਰਕ ਭਾਈਵਾਲ ਹੈ। ਇਜ਼ਰਾਈਲ ਨੇ 2024 ਵਿੱਚ ਅਮਰੀਕਾ ਨੂੰ 17.3 ਬਿਲੀਅਨ ਡਾਲਰ ਦੇ ਸਾਮਾਨ ਅਤੇ 16.7 ਬਿਲੀਅਨ ਡਾਲਰ ਦੀਆਂ ਸੇਵਾਵਾਂ ਦਾ ਨਿਰਯਾਤ ਕੀਤਾ।

# ਵਾਰਡ ਵਾਸੀਆਂ ਦਾ ਵਫਦ ਡਿਪਟੀ ਕਮਿਸ਼ਨਰ ਬਰਨਾਲਾ ਨੂੰ ਮਿਲਿਆ

## ਮਾਮਲਾ:- ਸੰਘਣੀ ਅਬਾਦੀ 'ਚ ਸਥਿਤ ਠੇਕੇ ਨੂੰ ਚੁਕਵਾਉਣ ਦਾ

ਫਤਿਹ ਟਾਈਮਜ਼



ਤਪਾ ਮੰਡੀ,2 ਅਪ੍ਰੈਲ (ਧੀਮਾਨ) ਬੀਤੇ ਕੁਝ ਦਿਨਾਂ ਤੋਂ ਸੰਘਣੀ ਆਬਾਦੀ 'ਚ ਸਥਿਤ ਠੇਕੇ ਨੂੰ ਲੈ ਕੇ ਵਾਰਡ ਵਾਸੀਆਂ ਵੱਲੋਂ ਸੰਘਰਸ਼ ਵਿੱਢਿਆ ਹੋਇਆ ਹੈ। ਭਾਵੇਂ ਅੱਜ ਠੇਕਾ ਖੁੱਲਣ ਦੀ ਭਿਣਕ ਲੱਗਦਿਆਂ ਹੀ ਵਾਰਡ ਵਾਸੀਆਂ ਵੱਲੋਂ ਠੇਕੇ ਦੇ ਬਾਹਰ ਧਰਨਾ ਲਗਾ ਕੇ ਆਪਣਾ ਰੋਸ ਪ੍ਰਗਟ ਕੀਤਾ ਗਿਆ, ਜਿਸ ਤੋਂ ਬਾਅਦ ਸੰਬੰਧਿਤ ਅਧਿਕਾਰੀਆਂ ਨੇ ਮੌਕੇ ਦੇ ਪਹੁੰਚ ਕੇ ਵਾਰਡ ਵਾਸੀਆਂ ਤੋਂ ਦਸ ਕੁ ਦਿਨਾਂ ਦਾ ਸਮਾਂ ਮੰਗਿਆ ਉਪਰੰਤ ਵਾਰਡ ਵਾਸੀਆਂ ਨੇ ਅਧਿਕਾਰੀਆਂ ਵੱਲੋਂ ਦਿੱਤੇ ਗਏ ਭਰੋਸੇ ਤੇ ਧਰਨਾ ਸਮਾਪਤ ਕਰ ਦਿੱਤਾ ਗਿਆ। ਉਧਰ ਦੂਜੇ ਪਾਸੇ ਠੇਕੇ ਨੂੰ ਚੁਕਵਾਉਣ ਸਬੰਧੀ ਵਾਰਡ ਵਾਸੀਆਂ ਦਾ ਇੱਕ ਵਫਦ ਡਿਪਟੀ ਕਮਿਸ਼ਨਰ ਬਰਨਾਲਾ ਨੂੰ ਵੀ ਮਿਲਿਆ। ਜਿਨਾਂ ਡਿਪਟੀ ਕਮਿਸ਼ਨਰ ਦੇ ਧਿਆਨ ਵਿਚ ਲਿਆਂਦਾ ਕਿ ਤਪਾ ਵਿਖੇ ਵਾਰਡ ਨੰ 3 ਗੁਰੂ ਗੋਬਿੰਦ ਸਿੰਘ ਨਗਰ ਢਿਲਵਾਂ ਰੋਡ ਤਪਾ ਵਿਖੇ ਜੋ ਸ਼ਰਾਬ ਦਾ ਠੇਕਾ ਸੰਘਣੀ ਆਬਾਦੀ 'ਚ ਹੈ, ਜਿਸ ਕਾਰਨ ਵਾਰਡ ਵਾਸੀਆਂ ਖਾਸ ਕਰ ਔਰਤਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਬੱਚੇ ਵੀ ਸਕੂਲ ਜਾਣ ਤੋਂ ਕੰਨੀ ਕਤਰਾਉਂਦੇ ਹਨ। ਇਸ ਮੌਕੇ ਬਹੁਜਨ ਸਮਾਜ ਪਾਰਟੀ ਦੇ ਹਲਕਾ ਇੰਚਾਰਜ ਦਰਸ਼ਨ ਸਿੰਘ ਵੱਲੋਂ ਵਾਰਡ ਵਾਸੀਆਂ ਸਮੇਤ ਡਿਪਟੀ ਕਮਿਸ਼ਨਰ ਬਰਨਾਲਾ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ। ਉਪਰੰਤ ਡਿਪਟੀ ਕਮਿਸ਼ਨਰ ਬਰਨਾਲਾ ਨੇ ਵਿਸ਼ਵਾਸ ਦਵਾਇਆ ਕਿ ਉਹ ਵਾਰਡ ਵਾਸੀਆਂ ਦੀ ਇਹ ਸਮੱਸਿਆ ਦਾ ਜਲਦ ਹੀ ਹੱਲ ਕਰਵਾਉਣਗੇ। ਇਸ ਮੌਕੇ ਕੌਂਸਲਰ ਪ੍ਰਵੀਨ ਕੁਮਾਰੀ, ਜਗਦੇਵ ਸਿੰਘ ਜੱਗਾ, ਸਾਬਕਾ ਕੌਂਸਲਰ ਸੰਤੋਸ਼ ਰਾਣੀ,ਆਦਿ ਬਸਤੀ ਨਿਵਾਸੀ ਹਾਜ਼ਰ ਸਨ।

# ਸਿਡਾਨਾ ਇੰਸਟੀਚਿਊਟ ਆਫ਼ ਐਜੂਕੇਸ਼ਨ ਕਾਲਜ ਵਿਖੇ ਫਰੈਸ਼ਰ, ਫੇਅਰਵੈੱਲ ਪਾਰਟੀ ਸਮਾਰੋਹ

ਫਤਿਹ ਟਾਈਮਜ਼




ਅੰਮ੍ਰਿਤਸਰ, 2 ਅਪ੍ਰੈਲ (ਪ ਪ) ਰਾਮ ਤੀਰਥ ਰੋਡ ਵਿਖੇ ਸਥਿਤ ਸਿਡਾਨਾ ਇੰਸਟੀਚਿਊਟ ਆਫ਼ ਐਜੂਕੇਸ਼ਨ ਨੇ ਬੀ.ਐਡ ਕਾਲਜ ਦੇ ਸਿਖਿਆਰਥੀਆਂ ਲਈ ਫਰੈਸ਼ਰ ਅਤੇ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ. ਸਵਰਾਜ ਗਰੋਵਰ, ਰਾਸ਼ਟਰਪਤੀ ਅਵਾਰਡੀ ਅਤੇ ਉੱਘੇ ਸਮਾਜ ਸੇਵੀ ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵੱਜੋ ਸਾਮਿਲ ਹੋਏ। ਰੰਗਾ ਰੰਗ ਅਤੇ ਮੰਨੋਰੰਜਕ ਗਤੀਵਿਧੀਆਂ ਨਾਲ ਭਰਪੂਰ ਇਹ ਸਮਾਗਮ ਸਾਰਿਆਂ ਲਈ ਯਾਦਗਾਰ ਬਣ ਗਿਆ। ਜਿਸੇ ਡਾਂਸ, ਸੰਗੀਤ, ਮੰਨੋਰੰਜਕ ਖੇਡਾਂ ਨੇ ਸਮਾਗਮ ਨੂੰ ਰੋਸ਼ਨ ਕੀਤਾ, ਉਥੇ ਵਿਦਾਇਗੀ ਗੀਤ ਨੇ ਸਾਰਿਆਂ ਨੂੰ ਪਿਛਲੇ ਦੋ ਸਾਲਾਂ ਦੀਆਂ ਭਾਵਕ ਯਾਦਾਂ ਤਾਜਾ ਕਰਵਾ ਦਿੱਤੀਆਂ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡਾ. ਸਵਰਾਜ ਗਰੋਵਰ ਨੇ ਕਿਹਾ ਕਿ ਤੁਹਾਡਾ ਨਾ ਸੰਸਥਾ ਦੇ ਗੋਰਵਮਈ ਇਤਿਹਾਸ ਨਾਲ ਜੁੜਿਆ ਹੋਇਆ ਹੈ। ਅਸਲ ਵਿੱਚ ਵਿਦਿਆਰਥੀਆਂ ਨੂੰ ਇਸਨੂੰ ਵਿਦਾਇਗੀ ਸਮਾਰੋਹ ਦੇ ਰੂਪ ਵਿੱਚ ਘੱਟ ਤੇ ਸਵਾਗਤ ਸਮਾਰੋਹ ਦੇ ਰੂਪ ਵਿੱਚ ਜਿਆਦਾ ਲੈਣਾ ਚਾਹੀਦਾ ਹੈ, ਕਿਉਂਕਿ ਸਿਡਾਨਾ ਕੈਂਪਸ ਆਪਣੀਆਂ ਵਿਸਾਲ ਸ਼ਾਖਾਵਾਂ ਵਾਲਾ ਆਪਣੇ ਵਿਦਿਆਰਥੀਆਂ ਦੇ ਸਵਾਗਤ ਲਈ ਹਮੇਸ਼ਾ ਤਿਆਰ ਰਹਿੰਦਾ ਹੈ। ਸੰਸਥਾ ਦੇ ਮੁੱਖੀ ਡਾ. ਜੀਵਨ ਜੋਤੀ ਸਿਡਾਨਾ ਵੱਲੋਂ ਸਾਰੇ ਵਿਦਿਆਰਥੀਆਂ ਦੇ ਉਜਵੱਲ ਭਵਿੱਖ ਦੀ ਕਾਮਨਾ ਕੀਤੀ ਅਤੇ ਹਮੇਸ਼ਾ ਚੜਦੀ ਕਲਾ ਵਿੱਚ ਰਹਿਣ ਦੀ ਪ੍ਰੇਨਾ ਵੀ ਦਿੱਤੀ। ਅੰਤ ਵਿੱਚ ਵਿਦਿਆਰਥੀਆਂ ਨੂੰ ਆਏ ਹੋਏ ਮਹਿਮਾਨਾਂ ਵੱਲੋਂ ਯਾਦਗਾਰੀ ਚਿੰਨ੍ਹ ਅਤੇ ਸਰਟੀਫਿਕੇਟ ਦਿੱਤੇ ਗਏ। ਇਸ ਮੌਕੇ ਸਿਡਾਨਾ ਨਰਸਿੰਗ ਕਾਲਜ ਦੇ ਪ੍ਰਿੰਸੀਪਲ ਡਾ. ਦਰਸ਼ਨ ਸੋਹੀ, ਸੰਸਥਾ ਦੇ ਸਹਾਇਕ ਪ੍ਰੋਫੈਸਰ ਡਾ. ਗੁਰਸੇਵਕ ਸਿੰਘ, ਡਾ. ਕਨਿਕਾ ਭਾਟੀਆ,ਪ੍ਰੋ ਭੁਪਿੰਦਰ ਸਿੰਘ, ਮੈਡਮ ਨਵਨੀਤ ਕੌਰ,ਸੋਨੀਆ ਸ਼ਰਮਾਂ,ਅਮਨਪ੍ਰੀਤ ਕੋਰ,ਮਨਜੋਤ ਕੌਰ,ਸ੍ਰੀ ਅਜੇ ਕੁਮਾਰ ਮੁੱਖ ਤੌਰ ਤੇ ਹਾਜ਼ਿਰ ਸਨ।

ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼
CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਮੋ; 99885-37575

Editor,Owner and Publisher Sarbjot Singh Khalsa on behalf of Fateh Times online news and media company Regd:PB22000167,Published from Fateh Times H/O Mankdeka Road , Fatehabad,(Tarntaran) 143407

ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।

# ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨ ਸਿਖਲਾਈ ਕੈਂਪ ਦਾ ਆਯੋਜਨ




ਤਪਾ ਮੰਡੀ, 2 ਅਪ੍ਰੈਲ (ਧੀਮਾਨ) ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਰਨਾਲਾ ਦੇ ਮੁੱਖ ਅਫਸਰ ਡਾ: ਜਗਸੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਬਲਾਕ ਖੇਤੀਬਾੜੀ ਅਫਸਰ ਡਾ: ਧਰਮਵੀਰ ਸਿੰਘ ਦੀ ਅਗਵਾਈ ਵਿਚ ਖੇਤੀਬਾੜੀ ਵਿਭਾਗ ਸਹਿਣਾ ਵੱਲੋਂ ਤਪਾ ਸੁਸਾਇਟੀ ਵਿਖੇ ਕਿਸਾਨ ਭਲਾਈ ਕੈਂਪ ਲਗਾਇਆ ਗਿਆ। ਜਿਸ ਵਿਚ ਖੇਤੀਬਾੜੀ ਵਿਕਾਸ ਅਫਸਰ ਡਾ: ਨਵਜੀਤ ਸਿੰਘ ਨੇ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਬਾਰੇ ਜਾਣਕਾਰੀ ਦਿੱਤੀ। ਉਨਾਂ ਕਿਸਾਨਾਂ ਨੂੰ ਝੋਨੇ ਦੀ ਫਸਲ ਦੀ ਬਜਾਈ ਸਮੇਂ ਖੇਤੀਬਾੜੀ ਤੋਂ ਮਨਜ਼ੂਰ ਸ਼ੁਦਾ ਬੀਜਾਂ ਦੀ ਬਿਜਾਈ ਕਰਨ ਦੀ ਸਲਾਹ ਦਿੱਤੀ ਤਾਂ ਜੋ ਫਸਲ ਵੇਚਣ ਤਾਂ ਜੋ ਫਸਲ ਵੇਚਣ ਵੇਲੇ ਕਿਸਾਨਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ। ਵਿਭਾਗ ਦੇ ਮੱਖਣ ਲਾਲ ਏ.ਐਸ.ਆਈ ਨੇ ਕਿਸਾਨਾਂ ਨੂੰ ਜਿਪਸਮ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਉਪਰੰਤ ਦੀਪਕ ਕੁਮਾਰ ਸਹਾਇਕ ਟੈਕਨੋਲਜੀ ਮੈਨੇਜਰ ਨੇ ਮਿੱਟੀ ਅਤੇ ਪਾਣੀ ਦੇ ਸੈਂਪਲਾਂ ਦੀ ਜਾਂਚ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਆਰ.ਜੀ.ਆਰ ਸੈਲ ਨੇ ਆਪਣੀਆਂ ਗਤੀਵਿਧੀਆਂ ਬਾਰੇ ਕਿਸਾਨਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਆਰ.ਜੀ.ਆਰ ਸੈੱਲ ਦੇ ਪਰਮਿੰਦਰ ਸਿੰਘ ਅਤੇ ਪ੍ਰਗਟ ਸਿੰਘ ਤੋਂ ਇਲਾਵਾ ਖੇਤੀਬਾੜੀ ਵਿਭਾਗ ਵੱਲੋਂ ਏ.ਡੀ.ਓ ਨਵਜੀਤ ਸਿੰਘ, ਏ.ਐਸ.ਆਈ ਮੱਖਣ ਲਾਲ, ਦੀਪਕ ਕੁਮਾਰ ਏ.ਟੀ.ਐਮ, ਪਾਲਾ ਸਿੰਘ, ਸੁਸਾਇਟੀ ਦੇ ਪ੍ਰਧਾਨ ਹਰਦੀਪ ਸਿੰਘ ਸੇਖੋਂ, ਜਗਰਾਜ ਸਿੰਘ ਨੰਬਰਦਾਰ, ਜਗਜੀਤ ਸਿੰਘ, ਰਾਮ ਸਿੰਘ ਚੱਠਾ, ਬੂਟਾ ਰੋਸਾ, ਪੀਤਾ ਸਿੰਘ ਆਦਿ ਮੌਜੂਦ ਸਨ।

# ਸੈਮਰੌਕ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਬੱਚੇ ਖੇਡਾਂ ਵਿੱਚ ਮੋਹਰੀ




ਤਪਾ ਮੰਡੀ, 2 ਅਪ੍ਰੈਲ (ਧੀਮਾਨ) ਨਜ਼ਦੀਕੀ ਪਿੰਡ ਜੈਮਲ ਸਿੰਘ ਵਾਲਾ ਦੇ ਸੈਮਰੌਕ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਬੱਚਿਆਂ ਨੇ ਹਾਫ ਮੈਰਾਥਾਨ ਖੇਡਾਂ,ਜੋ ਪਿਛਲੇ ਦਿਨੀ ਬਠਿੰਡਾ ਵਿਖੇ ਹੋਈਆਂ ਸਨ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜਿਨਾਂ ਵਿਚੋਂ ਹਰਗੁਣ ਸਿੰਘ ,ਕਲਾਸ ਪੰਜਵੀਂ ਨੇ ਤੀਸਰਾ ਸਥਾਨ ਹਾਸਿਲ ਕੀਤਾ। ਸਕੂਲ ਦੇ ਚੇਅਰਮੈਨ ਸੁਖਮੀਤ ਸਿੰਘ ਧਾਲੀਵਾਲ ,ਪ੍ਰਿੰਸੀਪਲ ਮੈਡਮ ਟੈਰੇਸਾ ਓਸਫ ਨੇ ਬੱਚਿਆਂ ਅਤੇ ਕੋਚ ਗੁਰਜੰਟ ਸਿੰਘ , ਜਸਕਰਨ ਸਿੰਘ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਇਸੇ ਤਰ੍ਹਾਂ ਕਾਮਯਾਬੀ ਹਾਸਲ ਕਰਨ ਲਈ ਕਾਮਨਾ ਕੀਤੀ।


## ਪੱਤਰਕਾਰਾਂ ਦੀ ਲੋੜ

ਅਦਾਰਾ ਫਤਿਹ ਟਾਈਮਜ਼ ਨੂੰ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਕਸਬਿਆਂ ਤੋਂ ਪੜ੍ਹੇ ਲਿਖੇ ਰਿਪੋਰਟਰਾਂ ਦੀ ਲੋੜ ਹੈ ਚਾਹਵਾਨ ਹੇਠ ਦਿੱਤੇ ਨੰਬਰ ਤੇ ਸੰਪਰਕ ਕਰਨ ।

ਮੋ:99885-37575


# ਆਈਡੀਬੀਆਈ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਸਾਂਝੇ ਫੋਰਮ ਨੇ ਵਿਨਿਵੇਸ਼ ਵਿਰੁੱਧ ਦਖਲ ਦੇਣ ਦੀ ਕੀਤੀ ਅਪੀਲ




ਅੰਮ੍ਰਿਤਸਰ, 2 ਅਪ੍ਰੈਲ (ਪ ਪ) ਚੰਡੀਗੜ੍ਹ ਸਥਿਤ ਆਈਡੀਬੀਆਈ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਸਾਂਝੇ ਫੋਰਮ ਦੇ ਪ੍ਰਤੀਨਿਧੀਆਂ ਨੇ ਵੱਖ-ਵੱਖ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਦੇ ਸੰਸਦ ਮੈਂਬਰਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਆਈਡੀਬੀਆਈ ਬੈਂਕ ਦੇ ਰਣਨੀਤਕ ਵਿਨਿਵੇਸ਼ ਦੀ ਪ੍ਰਕਿਰਿਆ ਵਿੱਚ ਦਖਲ ਦੇਣ ਦੀ ਅਪੀਲ ਕੀਤੀ। ਇਸ ਮੀਟਿੰਗ ਵਿੱਚ ਭਾਜਪਾ, ਕਾਂਗਰਸ, ਐਨਸੀਪੀ, ਸਮਾਜਵਾਦੀ ਪਾਰਟੀ, ਸ਼ਿਵ ਸੈਨਾ, ਆਮ ਆਦਮੀ ਪਾਰਟੀ ਅਤੇ ਹੋਰ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਹਿੱਸਾ ਲਿਆ। ਸੰਸਦ ਮੈਂਬਰਾਂ ਨੂੰ ਇੱਕ ਮੰਗ ਪੱਤਰ ਸੌਂਪਦੇ ਹੋਏ, ਪ੍ਰਤੀਨਿਧੀਆਂ ਨੇ ਕਿਹਾ ਕਿ ਆਈਡੀਬੀਆਈ ਬੈਂਕ ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਮੁਨਾਫਾ ਕਮਾ ਰਿਹਾ ਹੈ, 2020-21 ਵਿੱਚ 1,359 ਕਰੋੜ ਰੁਪਏ, 2021-22 ਵਿੱਚ 2,439 ਕਰੋੜ ਰੁਪਏ, 2022-23 ਵਿੱਚ 3,645 ਕਰੋੜ ਰੁਪਏ ਅਤੇ 2023-24 ਵਿੱਚ 5,634 ਕਰੋੜ ਰੁਪਏ ਦਾ ਮੁਨਾਫਾ ਹੋਇਆ ਹੈ। ਇਸ ਤੋਂ ਇਲਾਵਾ, ਬੈਂਕ ਦੀ ਕੁੱਲ ਗੈਰ-ਕਾਰਗੁਜ਼ਾਰੀ ਸੰਪਤੀਆਂ (ਐਨਪੀਏ) ਵੀ 3.68% ਦੇ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਹੈ।

ਯੂਨੀਅਨਾਂ ਦਾ ਮੰਨਣਾ ਹੈ ਕਿ ਬੈਂਕ ਦਾ ਰਣਨੀਤਕ ਵਿਨਿਵੇਸ਼ ਮੁੱਖ ਤੌਰ 'ਤੇ ਇਸਦੀਆਂ ਸੰਪਤੀਆਂ ਨੂੰ ਵੇਚਣ ਦੇ ਉਦੇਸ਼ ਨਾਲ ਕੀਤਾ ਜਾ ਰਿਹਾ ਹੈ, ਜਿਸ ਵਿੱਚ ਹੈਦਰਾਬਾਦ ਵਿੱਚ 50 ਏਕੜ ਪ੍ਰਮੁੱਖ ਜ਼ਮੀਨ ਵੀ ਸ਼ਾਮਲ ਹੈ। ਉਹ ਇਹ ਵੀ ਕਹਿੰਦੇ ਹਨ ਕਿ ਇੱਕ ਨਿੱਜੀ ਮਾਲਕ ਦੇ ਆਉਣ ਨਾਲ ਬੈਂਕ ਦੀਆਂ ਤਰਜੀਹਾਂ ਮੁਨਾਫ਼ੇ ਵੱਲ ਬਦਲ ਸਕਦੀਆਂ ਹਨ, ਜਿਸ ਨਾਲ ਆਮ ਭਾਰਤੀਆਂ ਜਿਵੇਂ ਕਿ ਇਸਦੇ 2 ਕਰੋੜ ਜਮ੍ਹਾਂਕਰਤਾਵਾਂ ਅਤੇ 18.72 ਲੱਖ ਜਨ ਧਨ ਖਾਤਾ ਧਾਰਕਾਂ ਨੂੰ ਸੇਵਾਵਾਂ ਪ੍ਰਭਾਵਿਤ ਹੋ ਸਕਦੀਆਂ ਹਨ।

ਪ੍ਰਤੀਨਿਧੀਆਂ ਨੇ ਸੰਸਦ ਮੈਂਬਰਾਂ ਨੂੰ 2003 ਵਿੱਚ ਤਤਕਾਲੀ ਵਿੱਤ ਮੰਤਰੀ ਜਸਵੰਤ ਸਿੰਘ ਵੱਲੋਂ ਕੀਤੇ ਗਏ ਵਾਅਦੇ ਦੀ ਯਾਦ ਦਿਵਾਈ ਕਿ ਿਧਭੀ ਦੇ 51% ਤੋਂ ਵੱਧ ਹਿੱਸੇ ਦਾ ਵਿਨਿਵੇਸ਼ ਨਹੀਂ ਕੀਤਾ ਜਾਵੇਗਾ। ਇਸ ਵੇਲੇ ਕੇਂਦਰ ਸਰਕਾਰ ਕੋਲ 45.48% ਹਿੱਸੇਦਾਰੀ ਹੈ ਅਤੇ ਐਲਆਈਸੀ ਕੋਲ 49.24% ਹਿੱਸੇਦਾਰੀ ਹੈ। ਜੇਕਰ ਇਹ ਵਿਨਿਵੇਸ਼ ਪੂਰੀ ਤਰ੍ਹਾਂ ਪੂਰਾ ਹੋ ਜਾਂਦਾ ਹੈ, ਤਾਂ 60.72% ਹਿੱਸੇਦਾਰੀ ਨਿੱਜੀ ਜਾਂ ਵਿਦੇਸ਼ੀ ਸੰਸਥਾਵਾਂ ਨੂੰ ਦਿੱਤੀ ਜਾਵੇਗੀ, ਜਿਸ ਨਾਲ ਬੈਂਕ ਦੀ ਸਮਾਜਿਕ ਜ਼ਿੰਮੇਵਾਰੀ 'ਤੇ ਸਵਾਲ ਉੱਠ ਸਕਦੇ ਹਨ। ਜੁਆਇੰਟ ਫੋਰਮ ਨੇ ਵਿੱਤ ਮੰਤਰੀ ਅਤੇ ਪ੍ਰਧਾਨ ਮੰਤਰੀ ਤੋਂ ਇਸ ਵਿਨਿਵੇਸ਼ ਪ੍ਰਕਿਰਿਆ ਨੂੰ ਤੁਰੰਤ ਰੋਕਣ ਦੀ ਮੰਗ ਕੀਤੀ ਹੈ।

# ਸ਼ਿਵਾਲਿਕ ਪਬਲਿਕ ਸਕੂਲ ਤਪਾ ਵਿਖੇ ਨਵੇਂ ਵਿੱਦਿਅਕ ਵਰ੍ਹੇ ਦੀ ਸ਼ੁਰੂਆਤ ਮੌਕੇ ਸਮਾਗਮ ਆਯੋਜਿਤ "




ਤਪਾ ਮੰਡੀ, 2 ਅਪ੍ਰੈਲ (ਧੀਮਾਨ) ਸ਼ਿਵਾਲਿਕ ਪਬਲਿਕ ਸਕੂਲ ਤਪਾ ਵਿਖੇ ਨਵੇਂ ਵਿੱਦਿਅਕ ਵਰ੍ਹੇ ਦੀ ਸ਼ੁਰੂਆਤ ਮੌਕੇ ਹਵਨ ਯੱਗ ਕੀਤਾ ਗਿਆ ਅਤੇ ਪ੍ਰੋਗਰਾਮ ਦਾ ਉਦਘਾਟਨ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਭਗਵਾਨ ਦਾਸ ਗਰਗ, ਸੀਨੀਅਰ ਅਹੁਦੇਦਾਰ ਕ੍ਰਿਸ਼ਨ ਚੰਦ ਸਿੰਗਲਾ, ਮੋਹਿਤ ਸਿੰਗਲਾ, ਅਸ਼ੋਕ ਮਿੱਤਲ, ਮਨੀਸ਼ ਬਹਾਵਲਪੁਰੀਆ, ਅਸ਼ਵਨੀ ਮੁੰਦਰੀ ਗੁਪਤਾ, ਅਸ਼ੋਕ ਗੁਪਤਾ, ਰੁਬਨ ਕੁਮਾਰ, ਰਾਜ ਕੁਮਾਰ, ਰੋਹਿਤ ਕੁਮਾਰ ਅਤੇ ਪ੍ਰਿੰਸੀਪਲ ਮੋਨਿਕਾ ਗਰਗ ਨੇ ਸਾਂਝੇ ਤੌਰ 'ਤੇ ਜੋਤੀ ਜਗਾ ਕੇ ਅਤੇ ਫੁੱਲ ਮਾਲਾਵਾਂ ਭੇਟ ਕਰਕੇ ਕੀਤਾ। ਪੰਡਿਤ ਕਾਲਾ ਰਾਮ ਸ਼ਰਮਾ ਦੁਆਰਾ ਕਰਵਾਏ ਗਏ ਹਵਨ ਯੱਗ ਵਿੱਚ ਪ੍ਰਬੰਧਕਾਂ ਅਤੇ ਪ੍ਰਿੰਸੀਪਲ ਸਮੇਤ ਅਧਿਆਪਕਾਂ ਨੇ ਵੀ ਪੂਰਨ ਆਹੂਤੀ ਪਾ ਕੇ ਯੱਗ ਸੰਪੰਨ ਕੀਤਾ। ਉਨ੍ਹਾਂ ਨੇ ਗਿਆਨ ਦੀ ਦੇਵੀ ਮਾਂ ਸਰਸਵਤੀ ਅਤੇ ਭਗਵਾਨ ਗਣੇਸ਼ ਅੱਗੇ ਖੇਤਰ ਦੀ ਚੜ੍ਹਦੀਕਲਾ ਲਈ ਵੀ ਪ੍ਰਾਰਥਨਾ ਕੀਤੀ। ਮੋਹਿਤ ਸਿੰਗਲਾ ਨੇ ਕਿਹਾ ਕਿ ਨਵੇਂ ਵਿਦਿਅਕ ਵਰ੍ਹੇ ਮੌਕੇ ਧਾਰਮਿਕ ਸਮਾਗਮ ਸਿਰਫ਼ ਨਵੇਂ ਸਾਲ ਦੀ ਸਿੱਖਿਆ ਦੀ ਸ਼ੁਰੂਆਤ ਹੀ ਨਹੀਂ ਸਗੋਂ ਇਹ ਬੱਚਿਆਂ ਵਿੱਚ ਡੂੰਘੀ ਅਧਿਆਤਮਿਕ ਚੇਤਨਾ ਅਤੇ ਗਿਆਨ ਪ੍ਰਤੀ ਪਿਆਰ ਵੀ ਪੈਦਾ ਕਰਦਾ ਹੈ। ਇਹ ਸੰਸਕਾਰ ਬੱਚਿਆਂ ਨੂੰ ਜ਼ਿੰਦਗੀ ਦੇ ਹਰ ਕਦਮ 'ਤੇ ਮਾਰਗਦਰਸ਼ਨ ਕਰਨ ਦੇ ਨਾਲ-ਨਾਲ, ਉਨ੍ਹਾਂ ਨੂੰ ਸਿੱਖਿਆ ਦੇ ਅਸਲ ਮਹੱਤਵ ਨੂੰ ਸਮਝਣ ਅਤੇ ਅੰਦਰੂਨੀ ਗਿਆਨ ਨੂੰ ਜਗਾਉਣ ਦੀ ਸ਼ਕਤੀ ਵੀ ਦਿੰਦਾ ਹੈ ਤਾਂ ਜੋ ਉਹ ਭਵਿੱਖ ਵਿੱਚ ਚੰਗੇ ਨਾਗਰਿਕ ਬਣ ਸਕਣ ਅਤੇ ਇੱਕ ਮਜ਼ਬੂਤ ਭਾਰਤ ਦੀ ਨੀਂਹ ਰੱਖ ਸਕਣ। ਪ੍ਰੋਗਰਾਮ ਦੌਰਾਨ ਬੱਚਿਆਂ ਨੂੰ ਮਠਿਆਈਆਂ ਭੇਟ ਕੀਤੀਆਂ ਗਈਆਂ, ਜਿਸ ਕਾਰਨ ਉਨ੍ਹਾਂ ਦੇ ਚਿਹਰਿਆਂ 'ਤੇ ਖੁਸ਼ੀ ਅਤੇ ਉਮੀਦ ਸਾਫ਼ ਦਿਖਾਈ ਦੇ ਰਹੀ ਸੀ। ਇਸ ਮੌਕੇ ਸਕੂਲ ਪ੍ਰਿੰਸੀਪਲ ਮੋਨਿਕਾ ਗਰਮ ਨੇ ਕਿਹਾ ਕਿ ਇਸ ਪ੍ਰੋਗਰਾਮ ਨੂੰ ਬੱਚਿਆਂ ਦੇ ਜੀਵਨ ਵਿੱਚ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਵਜੋਂ ਯਾਦ ਰੱਖਿਆ ਜਾਵੇਗਾ। ਇਸ ਤੋਂ ਪਹਿਲਾਂ, ਸਕੂਲ ਦੇ ਨੁਮਾਇੰਦਿਆਂ ਵੱਲੋਂ ਪਿੰਡ ਢਿੱਲਵਾਂ ਦੇ ਗੁਰਦੁਆਰਾ ਸਾਹਿਬ ਵਿਖੇ ਵੀ ਅਰਦਾਸ ਕੀਤੀ ਗਈ।


## ਦਰਸ਼ਨ ਬੇਕਰੀ

ਮੇਨ ਰੋਡ ਫਤਿਆਬਾਦ, (ਤਰਨ ਤਾਰਨ)

ਇਥੋਂ ਕੇਕ,ਪੇਸਟੀਆਂ,ਹਰ ਤਰਾਂ ਦੇ ਬਿਸਕੁੱਟ,ਸੂਜੀ ਰਸ ,ਪੈਟੀਆਂ,ਕਰੀਮ ਰੋਲ ਹਰ ਸਮੇਂ ਤਿਆਰ ਲਵੋ ।



ਕੁਲਜੀਤ ਸਿੰਘ ਲਾਡੀ

ਸੰਪਰਕ : 98721-51544, 98559-21544

# ਨਿਵੇਸ਼ਕਾਂ ਲਈ ਜਾਗਰੂਕਤਾ ਸੈਮੀਨਾਰ ਕਰਾਇਆ



**scores.seib.gov.in 'ਤੇ ਕੀਤੀ ਜਾ ਸਕਦੀ ਹੈ ਧੋਖਾਧੜੀ ਦੀ ਸ਼ਿਕਾਇਤ।**

ਫਤਿਹ ਟਾਈਮਜ਼

ਬਰਨਾਲਾ, ਤਪਾ ਮੰਡੀ, 2 ਅਪ੍ਰੈਲ (ਧੀਮਾਨ) ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਨੈਸ਼ਨਲ ਸਟਾਕ ਐਕਸਚੇਂਜ ਆਫ ਇੰਡੀਆ ਵਲੋਂ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਮੁੱਖ ਮੰਤਰੀ ਫੀਲਡ ਅਫ਼ਸਰ ਜੁਗਰਾਜ ਸਿੰਘ ਕਾਹਲੋਂ ਮੌਜੂਦ ਸਨ। ਇਸ ਮੌਕੇ ਸੇਬੀ ਦੇ ਲੁਧਿਆਣਾ ਦਫ਼ਤਰ ਤੋਂ ਸ਼ਿਵਮ ਜਿੰਦਲ ਮੁੱਖ ਬੁਲਾਰੇ ਵਜੋਂ ਪੁੱਜੇ। ਇਸ ਸੈਮੀਨਾਰ ਦਾ ਉਦੇਸ਼ ਸੇਬੀ ਦੁਆਰਾ ਨਿਵੇਸ਼ਕਾਂ ਦੇ ਫਾਇਦੇ ਲਈ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਦੇਣਾ ਸੀ ਅਤੇ ਨਾਲ ਹੀ ਸਹੀ ਵਿੱਤੀ ਜਾਣਕਾਰੀ ਪ੍ਰਦਾਨ ਕਰਨਾ ਸੀ। ਇਸ ਮੌਕੇ ਸ੍ਰੀ ਸ਼ਿਵਮ ਜਿੰਦਲ ਨੇ ਬੱਚਤ ਦੇ ਵੱਖ-ਵੱਖ ਤਰੀਕਿਆਂ ਦੇ ਨਾਲ-ਨਾਲ ਨਿਵੇਸ਼ ਦੇ ਤਰੀਕਿਆਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਇਹ ਵੀ ਕਿਹਾ ਕਿ ਨਿਵੇਸ਼ਕਾਂ ਦੇ ਹਿੱਤ ਸੇਬੀ ਦੁਆਰਾ ਸੁਰੱਖਿਅਤ ਹਨ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਨਵੇਂ ਦਿਸ਼ਾ-ਨਿਰਦੇਸ਼ ਬਣਾਏ ਜਾ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਨਿਵੇਸ਼ਕਾਂ ਲਈ ਕਿਸੇ ਵੀ ਵਿਚੋਲੇ ਜਿਵੇਂ ਕਿ ਏਜੰਟ, ਦਲਾਲ, ਕੰਪਨੀਆਂ, ਮਰਚੈਂਟ ਬੈਂਕਰ ਆਦਿ ਦੁਆਰਾ ਧੋਖਾ ਨਹੀਂ ਖਾਣਾ ਚਾਹੀਦਾ। ਜੇਕਰ ਕਿਸੇ ਕਾਰਨ ਨਿਵੇਸ਼ਕ ਨਾਲ ਧੋਖਾ ਹੁੰਦਾ ਹੈ ਤਾਂ ਸਏਬਿ.ਗੋਵ.ਿਨ ਵੈੱਬਸਾਈਟ 'ਤੇ ਜਾਂ scores.seib.gov.in 'ਤੇ ਆਪਣੀਆਂ ਸ਼ਿਕਾਇਤਾਂ ਦਰਜ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਨਿਵੇਸ਼ਕਾਂ ਨੂੰ ਨਿਵੇਸ਼ ਕਰਨ ਤੋਂ ਪਹਿਲਾਂ ਕੰਪਨੀ ਦੀ ਬੈਲੇਂਸ ਸ਼ੀਟ, ਪਿਛਲੇ ਸਾਲਾਂ ਦੀ ਕਾਰਗੁਜ਼ਾਰੀ ਅਤੇ ਸੇਬੀ ਦੇ ਨਿਯਮਾਂ ਦੀ ਜਾਂਚ ਕਰਨੀ ਚਾਹੀਦੀ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਨਿਵੇਸ਼ ਸਿਰਫ਼ ਇੱਕ ਰਜਿਸਟਰਡ ਏਜੰਟ ਰਾਹੀਂ ਹੀ ਕੀਤਾ ਜਾਣਾ ਚਾਹੀਦਾ ਹੈ।

# ਬਾਹਰਲੀ ਅਨਾਜ ਮੰਡੀ 'ਚ ਕਣਕ ਨਾ ਪਹੁੰਚਣ ਕਾਰਨ ਪਸਰਿਆ ਸੰਨਾਟਾ



ਫਤਿਹ ਟਾਈਮਜ਼

ਤਪਾ ਮੰਡੀ, 2 ਅਪ੍ਰੈਲ (ਧੀਮਾਨ) ਕਣਕ ਦੀ ਖ਼ਰੀਦ ਦੀ ਨਿਰਧਾਰਤ ਮਿਤੀ ਦੇ ਦੂਸਰੇ ਦਿਨ ਵੀ ਮਾਰਕੀਟ ਕਮੇਟੀ ਤਪਾ ਅਧੀਨ ਆਉਂਦੀਆਂ ਮੰਡੀਆਂ 'ਚ ਕਣਕ ਦੀ ਇਕ ਵੀ ਢੇਰੀ ਨਹੀਂ ਪੁੱਜੀ। ਭਾਵੇਂ ਸਰਕਾਰੀ ਖ਼ਰੀਦ 1 ਅਪ੍ਰੈਲ ਤੋਂ ਸ਼ੁਰੂ ਹੋ ਚੁੱਕੀ ਹੈ ਪਰ ਖੇਤਰ 'ਚ ਕਣਕ ਦੀ ਵਾਢੀ ਦਾ ਕੰਮ ਹਾਲੇ ਕਿਸੇ ਪਾਸੇ ਸ਼ੁਰੂ ਨਹੀਂ ਹੋਇਆ। ਹਾਸਲ ਜਾਣਕਾਰੀ ਅਨੁਸਾਰ ਪਿਛਲੇ ਵਰ੍ਹੇ 10 ਅਪ੍ਰੈਲ ਨੂੰ ਕਣਕ ਮੰਡੀਆਂ 'ਚ ਪਹੁੰਚ ਗਈ ਸੀ ਪਰ ਇਸ ਵਾਰ 15 ਕੁ ਅਪ੍ਰੈਲ ਤੱਕ ਕਣਕ ਦੇ ਮੰਡੀਆਂ 'ਚ ਪੁੱਜਣ ਦੀ ਉਮੀਦ ਹੈ। ਇਸ ਵਾਰ ਠੰਢ ਘੱਟ ਪੈਣ ਕਾਰਨ ਹਾਲੇ ਤੱਕ ਕਣਕ ਦੀ ਫ਼ਸਲ ਪੂਰੀ ਤਰ੍ਹਾਂ ਪੱਕ ਨਹੀਂ ਸਕੀ। ਉਧਰ ਦੂਜੇ ਪਾਸੇ ਮਾਰਕੀਟ ਕਮੇਟੀ ਦੇ ਪ੍ਰਬੰਧਕਾਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਮਾਰਕੀਟ ਕਮੇਟੀ ਤਪਾ ਅਧੀਨ ਆਉਂਦੀਆਂ ਮੰਡੀਆਂ 'ਚ ਹਰ ਤਰ੍ਹਾਂ ਦੇ ਪੁਖਤਾ ਪ੍ਰਬੰਧ ਮੁਕੰਮਲ ਹਨ। ਕਣਕ ਦੇ ਸੀਜ਼ਨ ਦੌਰਾਨ ਕਿਸਾਨਾਂ,ਆੜਤੀਆਂ ਅਤੇ ਮਜ਼ਦੂਰਾਂ ਨੂੰ ਕੋਈ ਵੀ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

# ਜਦੋਂ ਫੁੱਫੜ ਦੀ ਗੱਲ ਪੱਥਰ 'ਤੇ ਲਕੀਰ ਹੁੰਦੀ ਸੀ...




**ਕੀ ਹੁਣ ਫੁੱਫੜ ਦੀ ਧੌਂਸ ਖ਼ਤਮ ਹੋ ਗਈ? ਬਦਲਦੇ ਸਮੇਂ 'ਚ ਫੁੱਫੜ ਦਾ ਸਥਾਨ : ਇੱਕ ਸਮਾਜਿਕ ਵਿਸ਼ਲੇਸ਼ਣ**

ਫਤਿਹ ਟਾਈਮਜ਼

ਪੰਜਾਬੀ ਸੱਭਿਆਚਾਰ ਵਿੱਚ ਰਿਸ਼ਤਿਆਂ ਦਾ ਇੱਕ ਖਾਸ ਮਹੱਤਵ ਹੈ ਅਤੇ ਹਰ ਰਿਸ਼ਤੇ ਦੀ ਆਪਣੀ ਇੱਕ ਵਿਲੱਖਣ ਥਾਂ ਹੁੰਦੀ ਹੈ। ਇਹਨਾਂ ਰਿਸ਼ਤਿਆਂ ਵਿੱਚੋਂ ਇੱਕ ਹੈ ਫੁੱਫੜ ਦਾ ਰਿਸ਼ਤਾ, ਭਾਵ ਘਰ ਦੇ ਪ੍ਰਾਹੁਣੇ ਦਾ ਰਿਸ਼ਤਾ। ਪੁਰਾਣੇ ਸਮਿਆਂ ਵਿੱਚ ਫੁੱਫੜ ਦਾ ਰੁਤਬਾ ਅਤੇ ਧੌਂਸ ਕਿਸੇ ਤੋਂ ਲੁਕੀ ਹੋਈ ਨਹੀਂ ਸੀ। ਉਨ੍ਹਾਂ ਨੂੰ ਇੱਕ ਵਿਸ਼ੇਸ਼ ਸਨਮਾਨ ਦਿੱਤਾ ਜਾਂਦਾ ਸੀ ਅਤੇ ਕਈ ਮਾਮਲਿਆਂ ਵਿੱਚ ਉਨ੍ਹਾਂ ਦੀ ਗੱਲ ਨੂੰ ਪੱਥਰ 'ਤੇ ਲਕੀਰ ਮੰਨਿਆ ਜਾਂਦਾ ਸੀ। ਪਰ ਜਿਵੇਂ-ਜਿਵੇਂ ਸਮਾਂ ਬਦਲਿਆ ਹੈ, ਇਸ ਰਿਸ਼ਤੇ ਦੀ ਗਤੀਸ਼ੀਲਤਾ ਵਿੱਚ ਵੀ ਕਾਫ਼ੀ ਪਰਿਵਰਤਨ ਆਇਆ ਹੈ।

ਜੇਕਰ ਅਸੀਂ ਪੁਰਾਣੇ ਸਮੇਂ ਦੀ ਗੱਲ ਕਰੀਏ ਤਾਂ ਫੁੱਫੜ ਦਾ ਘਰ ਵਿੱਚ ਆਉਣਾ ਕਿਸੇ ਤਿਉਹਾਰ ਤੋਂ ਘੱਟ ਨਹੀਂ ਹੁੰਦਾ ਸੀ। ਉਨ੍ਹਾਂ ਦੀ ਆਓ-ਭਗਤ ਵਿੱਚ ਕੋਈ ਕਸਰ ਨਹੀਂ ਛੱਡੀ ਜਾਂਦੀ ਸੀ। ਉਨ੍ਹਾਂ ਲਈ ਵਧੀਆ ਖਾਣ-ਪੀਣ ਦਾ ਪ੍ਰਬੰਧ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਦੀ ਹਰ ਗੱਲ ਨੂੰ ਧਿਆਨ ਨਾਲ ਸੁਣਿਆ ਜਾਂਦਾ ਸੀ। ਫੁੱਫੜ ਸਿਰਫ਼ ਇੱਕ ਰਿਸ਼ਤੇਦਾਰ ਹੀ ਨਹੀਂ ਹੁੰਦੇ ਸਨ, ਸਗੋਂ ਉਹ ਪਰਿਵਾਰਕ ਮਾਮਲਿਆਂ ਵਿੱਚ ਆਪਣੀ ਰਾਏ ਵੀ ਰੱਖਦੇ ਸਨ ਅਤੇ ਕਈ ਵਾਰ ਤਾਂ ਉਨ੍ਹਾਂ ਦਾ ਫੈਸਲਾ ਅੰਤਿਮ ਮੰਨਿਆ ਜਾਂਦਾ ਸੀ। ਖਾਸ ਕਰਕੇ ਜਦੋਂ ਕੋਈ ਵੱਡਾ ਫੈਸਲਾ ਲੈਣਾ ਹੁੰਦਾ ਸੀ, ਜਿਵੇਂ ਕਿ ਵਿਆਹ-ਸ਼ਾਦੀ ਜਾਂ ਜ਼ਮੀਨ-ਜਾਇਦਾਦ ਨਾਲ ਜੁੜਿਆ ਕੋਈ ਮਾਮਲਾ, ਤਾਂ ਫੁੱਫੜ ਦੀ ਸਲਾਹ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਸੀ। ਉਨ੍ਹਾਂ ਦੀ ਧੌਂਸ ਇਸ ਗੱਲ ਤੋਂ ਵੀ ਪਤਾ ਚੱਲਦੀ ਸੀ ਕਿ ਕਈ ਵਾਰ ਉਹ ਬਿਨਾਂ ਕਿਸੇ ਝਿਜਕ ਦੇ ਆਪਣੀ ਮਰਜ਼ੀ ਚਲਾਉਂਦੇ ਸਨ ਅਤੇ ਪਰਿਵਾਰ ਦੇ ਹੋਰ ਮੈਂਬਰ ਉਨ੍ਹਾਂ ਦੀ ਗੱਲ ਨੂੰ ਟਾਲਣ ਦੀ ਹਿੰਮਤ ਨਹੀਂ ਕਰਦੇ ਸਨ।

ਇਸਦੇ ਕਈ ਕਾਰਨ ਸਨ, ਪਹਿਲਾ ਤਾਂ ਇਹ ਕਿ ਪੁਰਾਣੇ ਸਮਿਆਂ ਵਿੱਚ ਪਰਿਵਾਰ ਸਾਂਝੇ ਹੁੰਦੇ ਸਨ ਅਤੇ ਹਰ ਵੱਡੇ-ਬਜ਼ੁਰਗ ਦਾ ਸਨਮਾਨ ਕੀਤਾ ਜਾਂਦਾ ਸੀ। ਫੁੱਫੜ ਕਿਉਂਕਿ ਘਰ ਦੀ ਕੁੜੀ ਦੇ ਪਤੀ ਹੁੰਦੇ ਸਨ, ਇਸ ਲਈ ਉਨ੍ਹਾਂ ਨੂੰ ਇੱਕ ਬਾਹਰੀ ਪਰ ਮਹੱਤਵਪੂਰਨ ਮੈਂਬਰ ਵਜੋਂ ਦੇਖਿਆ ਜਾਂਦਾ ਸੀ ਜਿਸਦਾ ਪਰਿਵਾਰ ਨਾਲ ਇੱਕ ਖਾਸ ਸਨੇਹ ਹੁੰਦਾ ਸੀ। ਦੂਜਾ ਕਾਰਨ ਇਹ ਹੋ ਸਕਦਾ ਹੈ ਕਿ ਉਸ ਸਮੇਂ ਔਰਤਾਂ ਦੀ ਸਮਾਜ ਵਿੱਚ ਇੰਨੀ ਜ਼ਿਆਦਾ ਸੁਣਵਾਈ ਨਹੀਂ ਸੀ ਹੁੰਦੀ, ਇਸ ਲਈ ਉਨ੍ਹਾਂ ਦੇ ਪਤੀ ਹੋਣ ਦੇ ਨਾਤੇ ਫੁੱਫੜ ਦੀ ਗੱਲ ਨੂੰ ਜ਼ਿਆਦਾ ਤਵੱਜੋ ਮਿਲਦੀ ਸੀ। ਤੀਜਾ ਕਾਰਨ ਆਰਥਿਕ ਵੀ ਹੋ ਸਕਦਾ ਹੈ। ਕਈ ਵਾਰ ਫੁੱਫੜ ਆਰਥਿਕ ਤੌਰ 'ਤੇ ਮਜ਼ਬੂਤ ਹੁੰਦੇ ਸਨ ਅਤੇ ਪਰਿਵਾਰ ਨੂੰ ਕਿਸੇ ਨਾ ਕਿਸੇ ਤਰ੍ਹਾਂ ਦੀ ਮਦਦ ਦੀ ਲੋੜ ਹੁੰਦੀ ਸੀ, ਜਿਸ ਕਰਕੇ ਉਨ੍ਹਾਂ ਦਾ ਪ੍ਰਭਾਵ ਜ਼ਿਆਦਾ ਹੁੰਦਾ ਸੀ।

ਪਰ ਅੱਜਕੱਲ੍ਹ ਸਮਾਂ ਬਦਲ ਗਿਆ ਹੈ। ਹੁਣ ਜ਼ਿਆਦਾਤਰ ਪਰਿਵਾਰ ਛੋਟੇ ਹੋ ਗਏ ਹਨ ਅਤੇ ਲੋਕ ਆਪਣੀ ਜ਼ਿੰਦਗੀ ਵਿੱਚ ਜ਼ਿਆਦਾ ਆਜ਼ਾਦ ਹਨ। ਔਰਤਾਂ ਹੁਣ ਹਰ ਖੇਤਰ ਵਿੱਚ ਮਰਦਾਂ ਦੇ ਬਰਾਬਰ ਹਨ ਅਤੇ ਉਨ੍ਹਾਂ ਦੀ ਰਾਏ ਨੂੰ ਵੀ ਉਨਾਂ ਹੀ ਮਹੱਤਵ ਦਿੱਤਾ ਜਾਂਦਾ ਹੈ। ਆਰਥਿਕ ਤੌਰ 'ਤੇ ਵੀ ਲੋਕ ਪਹਿਲਾਂ ਨਾਲੋਂ ਜ਼ਿਆਦਾ ਸੁਤੰਤਰ ਹਨ। ਇਸ ਬਦਲੇ ਹੋਏ ਸਮੇਂ ਵਿੱਚ ਫੁੱਫੜ ਦੇ ਰਿਸ਼ਤੇ ਦੀ ਗਤੀਸ਼ੀਲਤਾ ਵਿੱਚ ਵੀ ਕਾਫ਼ੀ ਬਦਲਾਅ ਆਇਆ ਹੈ।

ਅੱਜਕੱਲ੍ਹ ਫੁੱਫੜ ਦੀ ਪਹਿਲਾਂ ਵਾਂਗ ਕੋਈ ਖਾਸ ਧੌਂਸ ਜਾਂ ਰੋਅਬ ਵੇਖਣ ਨੂੰ ਨਹੀਂ ਮਿਲਦਾ। ਉਨ੍ਹਾਂ ਦਾ ਸਨਮਾਨ ਜ਼ਰੂਰ ਕੀਤਾ ਜਾਂਦਾ ਹੈ, ਪਰ ਉਨ੍ਹਾਂ ਦੀ ਗੱਲ ਨੂੰ ਅੰਤਿਮ ਨਹੀਂ ਮੰਨਿਆ ਜਾਂਦਾ। ਪਰਿਵਾਰਕ ਮਾਮਲਿਆਂ ਵਿੱਚ ਸਾਰਿਆਂ ਦੀ ਰਾਏ ਲਈ ਜਾਂਦੀ ਹੈ ਅਤੇ ਫੈਸਲੇ ਸਾਂਝੇ ਤੌਰ 'ਤੇ ਲਏ ਜਾਂਦੇ ਹਨ। ਫੁੱਫੜ ਹੁਣ ਸਿਰਫ਼ ਇੱਕ ਸਲਾਹਕਾਰ ਦੀ ਭੂਮਿਕਾ ਵਿੱਚ ਜ਼ਿਆਦਾ ਨਜ਼ਰ ਆਉਂਦੇ ਹਨ, ਨਾ ਕਿ ਕਿਸੇ ਹੁਕਮ ਚਲਾਉਣ ਵਾਲੇ ਦੇ ਰੂਪ ਵਿੱਚ।

ਇਸ ਬਦਲਾਅ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਤਾਂ ਸਮਾਜਿਕ ਤਬਦੀਲੀ ਹੈ। ਲੋਕ ਹੁਣ ਜ਼ਿਆਦਾ ਵਿਅਕਤੀਵਾਦੀ ਹੋ ਗਏ ਹਨ ਅਤੇ ਆਪਣੀ ਮਰਜ਼ੀ ਨਾਲ ਜ਼ਿੰਦਗੀ ਜਿਉਣਾ ਪਸੰਦ ਕਰਦੇ ਹਨ। ਦੂਜਾ ਕਾਰਨ ਸਿੱਖਿਆ ਦਾ ਪ੍ਰਸਾਰ ਹੈ। ਹੁਣ ਲੋਕ ਜ਼ਿਆਦਾ ਪੜ੍ਹੇ-ਲਿਖੇ ਹਨ ਅਤੇ ਆਪਣੇ ਹੱਕਾਂ ਅਤੇ ਫਰਜ਼ਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਤੀਜਾ ਕਾਰਨ ਮੀਡੀਆ ਅਤੇ ਸੋਸ਼ਲ ਮੀਡੀਆ ਦਾ ਪ੍ਰਭਾਵ ਹੈ, ਜਿਸਨੇ ਲੋਕਾਂ ਦੀ ਸੋਚ ਨੂੰ ਕਾਫ਼ੀ ਬਦਲ ਦਿੱਤਾ ਹੈ।

ਹਾਲਾਂਕਿ ਫੁੱਫੜ ਦੀ ਧੌਂਸ ਵਿੱਚ ਕਮੀ ਆਈ ਹੈ, ਪਰ ਇਸਦਾ ਇਹ ਮਤਲਬ ਨਹੀਂ ਕਿ ਇਸ ਰਿਸ਼ਤੇ ਦਾ ਮਹੱਤਵ ਘੱਟ ਗਿਆ ਹੈ। ਅੱਜ ਵੀ ਫੁੱਫੜ ਪਰਿਵਾਰ ਦਾ ਇੱਕ ਅਹਿਮ ਹਿੱਸਾ ਹਨ ਅਤੇ ਉਨ੍ਹਾਂ ਦਾ ਪਿਆਰ ਅਤੇ ਸਹਿਯੋਗ ਪਰਿਵਾਰ ਲਈ ਬਹੁਤ ਮਾਇਨੇ ਰੱਖਦਾ ਹੈ। ਬਦਲਦੇ ਸਮੇਂ ਦੇ ਨਾਲ ਰਿਸ਼ਤਿਆਂ ਵਿੱਚ ਤਬਦੀਲੀ ਆਉਣੀ ਸੁਭਾਵਿਕ ਹੈ ਅਤੇ ਫੁੱਫੜ ਦੇ ਰਿਸ਼ਤੇ ਵਿੱਚ ਆਇਆ ਇਹ ਬਦਲਾਅ ਵੀ ਇਸੇ ਪ੍ਰਕਿਰਿਆ ਦਾ ਇੱਕ ਹਿੱਸਾ ਹੈ। ਹੁਣ ਇਹ ਰਿਸ਼ਤਾ ਜ਼ਿਆਦਾ ਬਰਾਬਰੀ ਅਤੇ ਆਪਸੀ ਸਨਮਾਨ 'ਤੇ ਆਧਾਰਿਤ ਹੋ ਗਿਆ ਹੈ, ਜੋ ਕਿ ਇੱਕ ਸਿਹਤਮੰਦ ਸਮਾਜ ਦੀ ਨਿਸ਼ਾਨੀ ਹੈ।



ਲੇਖਕ
ਚਾਨਣਦੀਪ ਸਿੰਘ ਔਲਖ,
ਸੰਪਰਕ 9876888177

ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼
CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਮੋ; 99885-37575



(M) 97819-55016
ਬਲਬੀਰ ਸਿੰਘ
ਟਾਈਫਾਇਡ, ਸਰਵਾਈਕਲ, ਲੀਵਰ ਫੈਟੀ, ਲੱਤਾਂ ਬਾਹਵਾਂ ਦੀਆਂ ਦਰਦਾਂ ਆਦਿ ਹਰ ਬਿਮਾਰੀ ਦਾ ਇਲਾਜ ਗਰੰਟੀ ਨਾਲ ਕੀਤਾ ਜਾਂਦਾ ਹੈ ।
ਗੋਇੰਦਵਾਲ ਰੋਡ, ਨੇੜੇ ਬੱਚੜੇ ਵਾਲੀ ਖੂਹੀ, ਤਰਨ ਤਾਰਨ